**ideal**
BOILERS

# ਉਪਭੋਗਤਾ ਗਾਈਡ

## LOGIC HEAT
## H12 H15 H18 H24 H30

ਇਸ ਉਪਕਰਨ ਦੇ ਕਿਸੇ ਹਿੱਸੇ ਨੂੰ ਬਦਲਦੇ ਹੋਏ, ਸਿਰਫ ਉਨ੍ਹਾਂ ਸਪੇਅਰ ਪਾਰਟਸ ਦੀ ਵਰਤੋਂ ਕਰੋ ਜਿਨ੍ਹਾਂ ਲਈ ਤੁਹਾਨੂੰ ਇਹ ਭਰੋਸਾ ਹੈ ਕਿ ਉਹ ਸਾਡੀ ਲੋੜੀਂਦੀ ਸੁਰੱਖਿਆ ਅਤੇ ਪਰਦਰਸ਼ਨ ਦੇ ਬਿਓਰੇ ਦੇ ਮੁਤਾਬਕ ਹਨ।
ਮੁਰੰਮਤ ਕੀਤੇ ਗਏ ਪੁਰਾਣੇ ਪੁਰਜ਼ਿਆਂ ਜਾਂ ਅਜਿਹੇ ਨਕਲੀ ਪੁਰਜ਼ਿਆਂ ਦੀ ਵਰਤੋਂ ਨਾ ਕਰੋ ਜੋ ਸਾਫ਼ ਤੌਰ 'ਤੇ Ideal ਵੱਲੋਂ ਅਧਿਕਾਰਤ ਨਹੀਂ ਹਨ।

**ਬਿਓਰੇ ਅਤੇ ਰੱਖ-ਰਖਾਵ ਦੀਆਂ ਕਾਰਜ-ਪਰਣਾਲੀਆਂ ਲਈ ਲਿਖਤੀ ਸਮੱਗਰੀ ਦੀ ਨਵੀਨਤਮ ਕਾਪੀ ਲਈ ਸਾਡੀ ਵੈਬਸਾਈਟ www.idealboilers.com ਵੇਖੋ ਜਿੱਥੋਂ ਤੁਸੀਂ PDF ਫ਼ੌਰਮੈਟ 'ਚ ਢੁਕਵੀਂ ਜਾਣਕਾਰੀ ਡਾਉਨਲੋਡ ਕਰ ਸਕਦੇ ਹੋ।**

ਸਾਡੀਆਂ ਉਪਭੋਗਤਾ ਗਾਈਡਾਂ 'ਚ ਵਿਕਲਪਕ ਭਾਸ਼ਾਵਾਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ **www.idealboilers.com** ਵੇਖੋ।

**08/2018**
**UIN 215354 A08 PA**

# ਵਿਸ਼ਾ-ਵਸਤੂ

1. ਭੂਮਿਕਾ ....... 2
ਸੁਰੱਖਿਆ ....... 2
ਬਿਜਲੀ ਦੀ ਸਪਲਾਈ ....... 2
ਮਹੱਤਵਪੂਰਨ ਨੋਟਸ ....... 2
2. ਬੌਇਲਰ ਓਪਰੇਸ਼ਨ ....... 3
ਕੰਟ੍ਰੋਲਸ ਡਾਇਆਗ੍ਰਾਮ ....... 3
ਬੌਇਲਰ ਸ਼ੁਰੂ ਕਰਨ ਲਈ ....... 3
ਪਾਣੀ ਦੇ ਤਾਪਮਾਨ ਦਾ ਨਿਯੰਤ੍ਰਣ ....... 3
ਕੁਸ਼ਲ ਹੀਟਿੰਗ ਸਿਸਟਮ ਕਾਰਵਾਈ ....... 3
ਮੌਸਮ ਪੂਰਤੀ ....... 3
ਬੌਇਲਰ ਫ੍ਰੌਸਟ ਸੁਰੱਖਿਆ ....... 3
ਬੌਇਲਰ ਮੁੜ ਸ਼ੁਰੂ ਕਰਨਾ ....... 3
ਮੇਨਸ ਪਾਵਰ ਬੰਦ ....... 3
3. ਕਨਡੇਨਸੇਟ ਨਿਕਾਸ ....... 4
4. ਆਮ ਜਾਣਕਾਰੀ ....... 4
ਨਿਊਨਤਮ ਫਾਸਲਾ ....... 4
ਗੈਸ ਦਾ ਰਿਸਾਵ ....... 4
ਸਫ਼ਾਈ ....... 4
ਰੱਖ-ਰਖਾਵ ....... 4
5. ਬੌਇਲਰ ਉਪਭੋਗਤਾ ਲਈ ਗੱਲਾਂ ....... 5
ਸਮੱਸਿਆ ਨਿਵਾਰਣ ....... 5
6. ਆਮ ਓਪਰੇਸ਼ਨ ਡਿਸਪਲੇ ਕੋਡ ....... 5
7. ਨੁਕਸ ਕੋਡ ....... 6

# 1. ਭੂਮਿਕਾ

**Logic Heat H** ਸਰਿਫ਼ ਹੀਟਗਿ ਬੌਇਲਰ ਹੈ, ਜਸਿ 'ਚ ਸੰਪੂਰਨ ਕ੍ਰਮ ਸਵੈਚਾਲਤ ਸਪਾਰਕ ਇਗਨੀਸ਼ਨ ਅਤੇ ਪੱਖੇ ਦੀ ਸਹਾਇਤਾ ਨਾਲ ਜਲਣ ਦੀ ਖ਼ਾਸੀਅਤ ਹੈ। ਵੱਖਰਾ ਹਾਟ ਵਾਟਰ ਸਲਿੰਡਰ ਸਥਾਪਤ ਕਰਨ 'ਤੇ ਇਹ ਸੈਂਟ੍ਰਲ ਹੀਟਗਿ ਅਤੇ ਗਰਮ ਪਾਣੀ ਮੁਹੱਈਆ ਕਰਨ ਲਈ ਡਜ਼ਿਾਈਨ ਕੀਤਾ ਗਆਿ ਹੈ।

ਬੌਇਲਰ ਦੀ ਵਾਧੂ ਕੁਸ਼ਲਤਾ ਕਰਕੇ, ਫ਼ਲੂ ਗੈਸਾਂ ਤੋਂ ਕਨਡੇਨਸੇਟ ਬਣਦਾ ਹੈ ਅਤੇ ਬੌਇਲਰ ਦੇ ਤਲ 'ਤੇ ਪਲਾਸਟਿਕ ਦੀ ਨਿਕਾਸੀ ਪਾਈਪ ਰਾਹੀਂ ਇਹ ਇਕ ਢੁਕਵੀਂ ਨਿਪਟਾਰਾ ਥਾਂ 'ਚ ਪਹੁੰਚਾਇਆ ਜਾਂਦਾ ਹੈ। ਫ਼ਲੂ ਟਰਮੀਨਲ 'ਤੇ ਇਕ ਕਨਡੇਨਸੇਟ 'ਖੰਭ' ਵੀ ਵਿਖਾਈ ਦੇਵੇਗਾ।

## ਸੁਰੱਖਿਆ

### ਮੌਜੂਦਾ ਗੈਸ ਸੁਰੱਖਿਆ (ਸਥਾਪਨਾ ਅਤੇ ਵਰਤੋਂ) ਕਾਇਦੇ ਜਾਂ ਲਾਗੂ ਨਿਯਮ।

ਤੁਹਾਡੀ ਆਪਣੀ, ਅਤੇ ਗੈਸ ਸੁਰੱਖਿਆ ਦੀ, ਬਿਹਤਰੀ ਲਈ, ਇਹ ਕਨੂੰਨ ਹੈ ਕਿ, ਉਪਰ ਦਿੱਤੇ ਗਏ ਕਾਇਦਿਆਂ ਦੇ ਮੁਤਾਬਕ, ਬੌਇਲਰ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ (Gas Safe Registered Engineer) ਦੁਆਰਾ ਹੀ ਸਥਾਪਤ ਕੀਤਾ ਜਾਵੇ।

ਰਿਪਬਲਿਕ ਆਫ਼ ਆਇਰਲੈਂਡ (IE) 'ਚ, ਸਥਾਪਨਾ ਕਿਸੇ ਰਜਿਸਟਰਡ ਗੈਸ ਇੰਸਟਾਲਰ (Registered Gas Installer) (RGII) ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਉਸਨੂੰ I.S. 813 "ਘਰੇਲੂ ਗੈਸ ਸਥਾਪਨਾਵਾਂ", ਮੌਜੂਦਾ ਬਿਲਡਿੰਗ ਕਾਇਦੇ, ਦੇ ਮੌਜੂਦਾ ਸੰਸਕਰਣ ਦੇ ਮੁਤਾਬਕ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਅਤੇ ਬਿਜਲਈ ਸਥਾਪਨਾ ਲਈ ਮੌਜੂਦਾ ETCI ਨਿਯਮਾਂ 'ਚ ਹਵਾਲਾ ਦਿੱਤਾ ਜਾਣਾ ਚਾਹੀਦਾ ਹੈ।

*ਬੌਇਲਰ ਨੂੰ ਸੁਰੱਖਿਅਤ ਅਤੇ ਕਿਫ਼ਾਇਤੀ ਢੰਗ ਨਾਲ ਚਲਾਉਣ ਲਈ, ਇਹ ਜ਼ਰੂਰੀ ਹੈ ਕਿ ਇਸ ਪੁਸਤਿਕਾ 'ਚ ਦਿੱਤੀਆਂ ਗਈਆਂ ਹਿਦਾਇਤਾਂ ਦੀ ਪੁਰਜ਼ੋਰ ਪਾਲਣਾ ਕੀਤੀ ਜਾਵੇ।*

### ਬਿਜਲੀ ਦੀ ਸਪਲਾਈ

**ਇਸ ਉਪਕਰਨ ਨੂੰ ਅਰਥ ਕੀਤਾ ਜਾਣਾ ਚਾਹੀਦਾ ਹੈ।**
**ਸਪਲਾਈ: 230 V ~ 50 Hz. ਫਿਊਜ਼ਿੰਗ 3A ਹੋਣੀ ਚਾਹੀਦੀ ਹੈ।**

## ਮਹੱਤਵਪੂਰਨ ਨੋਟਸ

- ਠੀਕ ਤਰ੍ਹਾਂ ਕੇਸਿੰਗ ਲਗਾਏ ਅਤੇ ਢੁਕਵੀਂ ਸੀਲ ਬਣਾਏ ਬਿਨਾਂ ਇਹ ਉਪਕਰਨ ਨਹੀਂ ਚਲਾਇਆ ਜਾਣਾ ਚਾਹੀਦਾ।
- ਜੇਕਰ ਬੌਇਲਰ ਕਿਸੇ ਕਮਰੇ 'ਚ ਸਥਾਪਤ ਕੀਤਾ ਜਾਂਦਾ ਹੈ ਤਾਂ ਉਹ ਕਮਰਾ ਭੰਡਾਰ ਲਈ ਬਿਲਕੁਲ ਨਹੀਂ ਵਰਤਿਆ ਜਾਣਾ ਚਾਹੀਦਾ।
- ਜੇਕਰ ਇਹ ਗਿਆਤ ਹੈ ਜਾਂ ਇਸਦਾ ਸ਼ੱਕ ਹੈ ਕਿ ਬੌਇਲਰ 'ਚ ਕੋਈ ਨੁਕਸ ਮੌਜੂਦ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਦੁਆਰਾ ਉਸ 'ਚ ਸੁਧਾਰ ਨਾ ਕਰਨ ਤਕ ਉਹ ਬਿਲਕੁਲ ਨਹੀਂ ਵਰਤਿਆ ਜਾਣਾ ਚਾਹੀਦਾ।
- ਕਿਸੇ ਵੀ ਹਾਲਾਤ 'ਚ ਇਸ ਉਪਕਰਨ ਦੇ ਸੀਲਬੰਦ ਹਿੱਸਿਆਂ ਦੀ ਗਲਤ ਢੰਗ ਨਾਲ ਵਰਤੋਂ ਜਾਂ ਉਨ੍ਹਾਂ ਨਾਲ ਛੇੜਛਾੜ ਨਹੀਂ ਕੀਤੀ ਜਾਣੀ ਚਾਹੀਦੀ।
- ਇਹ ਉਪਕਰਨ 8 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬੱਚਿਆਂ ਦੁਆਰਾ ਵਰਤਿਆ ਜਾ ਸਕਦਾ ਹੈ। ਨਾਲ ਹੀ ਘੱਟ ਸਰੀਰਕ, ਸੰਵੇਦੀ ਜਾਂ ਮਾਨਸਕ ਕਾਬਲੀਅਤਾਂ, ਜਾਂ ਤਜਰਬੇ ਅਤੇ ਗਿਆਨ ਦੀ ਕਮੀ ਵਾਲੇ ਲੋਕ, ਬਸ਼ਰਤੇ ਕਿ ਇਕ ਸੁਰੱਖਿਅਤ ਢੰਗ ਨਾਲ ਉਪਕਰਨ ਦੀ ਵਰਤੋਂ ਬਾਰੇ ਨਿਗਰਾਨੀ ਜਾਂ ਹਿਦਾਇਤ ਦਿੱਤੀ ਗਈ ਹੋਵੇ ਅਤੇ ਉਹ ਇਸ 'ਚ ਸ਼ਾਮਲ ਜੋਖਮ ਸਮਝਦੇ ਹਨ। ਬੱਚੇ ਉਪਕਰਣ ਨਾਲ ਨਹੀਂ ਖੇਡਣਗੇ। ਨਿਗਰਾਨੀ ਤੋਂ ਬਿਨਾਂ ਬੱਚਿਆਂ ਦੁਆਰਾ ਸਫ਼ਾਈ ਅਤੇ ਉਪਭੋਗਤਾ ਪ੍ਰਬੰਧਨ ਨਹੀਂ ਕੀਤਾ ਜਾਵੇਗਾ।

ਸਭ ਗੈਸ ਸੇਫ਼ ਰਜਸਿਟਰ (Gas Safe Register) ਸਥਾਪਕ ਇਕ ਗੈਸ ਸੇਫ਼ ਰਜਸਿਟਰਡ ਪਛਾਣ ਪੱਤਰ ਰੱਖਦੇ ਹਨ, ਅਤੇ ਉਨ੍ਹਾਂ ਕੋਲ ਇਕ ਪੰਜੀਕਰਨ ਸੰਖਆਿ ਹੁੰਦੀ ਹੈ। ਦੋਵਾਂ ਨੂੰ ਬੈਂਚਮਾਰਕ ਕਮਸ਼ਿਨਗਿ ਚੈੱਕਲਸਿਟ 'ਚ ਰਕਿਾਰਡ ਕੀਤਾ ਜਾਣਾ ਚਾਹੀਦਾ ਹੈ। ਤੁਸੀਂ 0800 4085500 'ਤੇ ਗੈਸ ਸੇਫ਼ ਰਜਸਿਟਰ ਨੂੰ ਸੱਿਧਾ ਕਾਲ ਕਰ ਕੇ ਆਪਣੇ ਸਥਾਪਕ ਬਾਰੇ ਪੁੱਛ ਸਕਦੇ ਹੋ।


**Ideal Boilers** ਬੈਂਚਮਾਰਕ ਸਕੀਮ ਦਾ ਸਦੱਸ ਹੈ ਅਤੇ ਕਾਰਜਕ੍ਰਮ ਦੇ ਟੀਚਿਆਂ ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹੈ। ਯੂ.ਕੇ. 'ਚ ਸੈਂਟ੍ਰਲ ਹੀਟਿੰਗ ਸਿਸਟਮਸ ਦੀ ਸਥਾਪਨਾ ਅਤੇ ਕਮਿਸ਼ਨਿੰਗ ਦੇ ਮਿਆਰਾਂ 'ਚ ਸੁਧਾਰ ਕਰਨ ਅਤੇ ਸੁਰੱਖਿਆ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਸਭ ਸੈਂਟ੍ਰਲ ਹੀਟਿੰਗ ਸਿਸਟਮਸ ਦੀ ਬਾਕਾਇਦਾ ਸਰਵਿਸਿੰਗ ਨੂੰ ਵਧਾਉਣ ਲਈ Benchmark ਦੀ ਪੇਸ਼ਕਸ਼ ਕੀਤੀ ਗਈ ਹੈ।

**ਹਰ ਸਰਵਸਿ ਤੋਂ ਬਾਅਦ ਬੈਂਚਮਾਰਕ ਸਰਵਸਿ ਅੰਤਰਾਲ ਰਕਿਾਰਡ ਪੂਰਾ ਕੀਤਾ ਜਾਣਾ ਚਾਹੀਦਾ ਹੈ**



# 2. ਬੌਇਲਰ ਓਪਰੇਸ਼ਨ

**ਲੇਜੈਂਡ**
A. ਸੈਂਟ੍ਰਲ ਹੀਟਿੰਗ ਤਾਪਮਾਨ ਨੌਬ
B. ਮੋਡ ਨੌਬ
C. ਬੌਇਲਰ ਸਥਿਤੀ
D. ਬਰਨਰ 'ਚਾਲੂ' ਸੂਚਕ
E. ਸੈਂਟ੍ਰਲ ਹੀਟਿੰਗ ਕਿਫ਼ਾਇਤ ਸੈਟਿੰਗ
F. ਦੁਬਾਰਾ ਸ਼ੁਰੂ ਕਰੋ (RESTART) ਬਟਨ
G. ਫੰਕਸ਼ਨ ਬਟਨ




## ਬੌਇਲਰ ਚਾਲੂ ਕਰਨ ਲਈ

ਜੇਕਰ ਪ੍ਰੋਗਰਾਮਰ ਲਗਾਇਆ ਗਆਿ ਹੈ ਤਾਂ ਅੱਗੇ ਵੱਧਣ ਤੋਂ ਪਹਲਿਾਂ ਪ੍ਰੋਗਰਾਮਰ ਲਈ ਵੱਖਰੀਆਂ ਹਦਿਾਇਤਾਂ ਵੇਖੋ।

ਹੇਠਾਂ ਦੱਸੇ ਗਏ ਢੰਗ ਨਾਲ ਬੌਇਲਰ ਸ਼ੁਰੂ ਕਰੋ:

1. ਇਹ ਜਾਂਚੋ ਕ ਿਬੌਇਲਰ ਨੂੰ ਬਜਿਲੀ ਦੀ ਸਪਲਾਈ ਬੰਦ ਹੈ।
2. ਮੋਡ ਨੌਬ (B) ਨੂੰ **'ਬੌਇਲਰ ਬੰਦ' (BOILER OFF)** 'ਤੇ ਸੈਟ ਕਰੋ।
3. ਸੈਂਟ੍ਰਲ ਹੀਟਗਿ ਤਾਪਮਾਨ ਨੌਬ (A) ਨੂੰ **'ਅਧਕਿਤਮ' (MAX)** 'ਤੇ ਸੈਟ ਕਰੋ।
4. ਬੌਇਲਰ ਦੀ ਬਜਿਲੀ ਚਾਲੂ ਕਰੋ ਅਤੇ ਇਹ ਜਾਂਚੋ ਕ ਿਸਾਰੇ ਬਾਹਰੀ ਕੰਟ੍ਰੋਲਸ, ਜਵਿੇਂ ਪ੍ਰੋਗਰਾਮਰ, ਰੂਮ ਥਰਮੋਸਟੈਟ ਅਤੇ ਹਾਟ ਵਾਟਰ ਸਲਿੰਡਰ ਥਰਮੋਸਟੈਟ ਚਾਲੂ ਹਨ।
5. ਮੋਡ ਨੌਬ (B) ਨੂੰ **'ਬੌਇਲਰ ਚਾਲੂ' (BOILER ON)** 'ਤੇ ਸੈਟ ਕਰੋ।

ਲੋੜ ਪੈਣ 'ਤੇ, ਸੈਂਟ੍ਰਲ ਹੀਟਗਿ ਨੂੰ ਤਾਪ ਪਹੁੰਚਾਉਂਦੇ ਹੋਏ, ਬੌਇਲਰ ਇਗਨੀਸ਼ਨ ਕ੍ਰਮ ਸ਼ੁਰੂ ਕਰ ਦੇਵੇਗਾ।

**ਨੋਟ।** *ਸਧਾਰਨ ਕਾਰਵਾਈ 'ਚ ਬੌਇਲਰ ਸਥਤਿੀ ਡਸਿਪਲੇ (C) ਇਹ ਕੋਡ ਵਖਾਇੇਗਾ:*

*00* — *ਸਟੈਂਡਬਾਇ - ਗਰਮੀ ਦੀ ਮੰਗ ਨਹੀ।*
(radiator symbol) — *ਸੈਂਟ੍ਰਲ ਹੀਟਗਿ ਨੂੰ ਸਪਲਾਈ ਦੱਿਤੀ ਜਾ ਰਹੀ ਹੈ*
*FP* — *ਬੌਇਲਰ ਫ੍ਰੌਸਟ ਸੁਰੱਖਆਿ*
*- ਜੇਕਰ ਤਾਪਮਾਨ 5ºਸੇ. ਤੋਂ ਘੱਟ ਹੋਣ 'ਤੇ ਬੌਇਲਰ ਜਲੇਗਾ।*

ਸਧਾਰਨ ਸੰਚਾਲਨ ਦੇ ਦੌਰਾਨ ਸੂਚਕ (D) 'ਤੇ ਬਰਨਰ ਨੂੰ ਜਲਾਉਣ 'ਤੇ ਉਹ ਰੋਸ਼ਨ ਰਹੇਗਾ।

ਨੋਟ: ਜੇਕਰ ਪੰਜ ਵਾਰੀ ਕੋਸ਼ਿਸ਼ ਕਰਨ ਤੋਂ ਬਾਅਦ ਬੌਇਲਰ ਸ਼ੁਰੂ ਨਹੀਂ ਹੁੰਦਾ ਤਾਂ ਨੁਕਸ ਕੋਡ *L-2* ਪ੍ਰਦਰਸ਼ਿਤ ਕੀਤਾ ਜਾਵੇਗਾ (ਨੁਕਸ ਕੋਡ ਪੰਨਾ ਵੇਖੋ)।

### ਬੰਦ ਕਰਨ ਲਈ

ਮੋਡ ਨੌਬ (B) ਨੂੰ **'ਬੌਇਲਰ ਬੰਦ' (BOILER OFF)** 'ਤੇ ਸੈਟ ਕਰੋ।

## ਪਾਣੀ ਦੇ ਤਾਪਮਾਨ ਦਾ ਨਿਯੰਤ੍ਰਣ

ਬੌਇਲਰ ਸੈਂਟ੍ਰਲ ਹੀਟਗਿ ਰੇਡੀਏਟਰ ਦੇ ਤਾਪਮਾਨ ਨੂੰ ਅਧਕਿਤਮ 80°ਸੈ. ਤਕ ਨਯਿੰਤ੍ਰਤ ਕਰਦਾ ਹੈ, ਜਸਿਨੂੰ ਸੈਂਟ੍ਰਲ ਹੀਟਗਿ ਤਾਪਮਾਨ ਨੌਬ (A) ਰਾਹੀਂ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

ਸੈਂਟ੍ਰਲ ਹੀਟਗਿ ਲਈ ਤਕਰੀਬਨ ਤਾਪਮਾਨ:

| ਨੌਬ ਸੈਟਿੰਗ | ਸੈਂਟ੍ਰਲ ਹੀਟਿੰਗ ਰੇਡੀਏਟਰ ਤਾਪਮਾਨ (ਤਕਰੀਬਨ) |
|---|---|
| ਨਿਊਨਤਮ | 30ºਸੈ. |
| ਅਧਿਕਤਮ | 80ºਸੈ. |

ਕਫ਼ਿਾਇਤ ਸੈਟਗਿ ' **e** ' ਲਈ ਕੁਸ਼ਲ ਹੀਟਗਿ ਸਸਿਟਮ ਕਾਰਵਾਈ ਵੇਖੋ।

## ਕੁਸ਼ਲ ਹੀਟਿੰਗ ਸਿਸਟਮ ਸੰਚਾਲਨ

ਬੌਇਲਰ ਇਕ ਵਾਧੂ ਕੁਸ਼ਲਤਾ ਵਾਲਾ, ਦ੍ਰਵ ਉਤਪੰਨ ਕਰਨ ਵਾਲਾ ਉਪਕਰਨ ਹੈ ਜੋ ਗਰਮੀ ਦੀ ਮੰਗ ਨੂੰ ਪੂਰਾ ਕਰਨ ਲਈ ਆਪਣੇ ਆਉਟਪੁਟ ਨੂੰ ਆਪ ਘਟਾਏਗਾ ਜਾਂ ਵਧਾਏਗਾ। ਇਸਲਈ ਗਰਮੀ ਦੀ ਮੰਗ ਘਟਣ 'ਤੇ ਗੈਸ ਦੀ ਖਪਤ ਘੱਟ ਜਾਂਦੀ ਹੈ।

ਸਭ ਤੋਂ ਜ਼ਿਆਦਾ ਕੁਸ਼ਲਤਾ 'ਤੇ ਕੰਮ ਕਰਦੇ ਹੋਏ ਬੌਇਲਰ ਫ਼ਲੂ ਗੈਸਾਂ ਤੋਂ ਪਾਣੀ ਉਤਪੰਨ ਕਰਦਾ ਹੈ। ਆਪਣੇ ਬੌਇਲਰ ਨੂੰ ਕੁਸ਼ਲ ਢੰਗ ਨਾਲ ਚਲਾਉਣ (ਗੈਸ ਦੀ ਘੱਟ ਵਰਤੋਂ ਕਰਦੇ ਹੋਏ) ਲਈ ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (A) ਨੂੰ ' **e** ' ਅਵਸਥਾ ਜਾਂ ਉਸ ਤੋਂ ਥੱਲੇ ਘੁੰਮਾਓ। ਸਰਦੀਆਂ 'ਚ ਗਰਮੀ ਦੀ ਮੰਗ ਨੂੰ ਪੂਰਾ ਕਰਨ ਲਈ ਨੌਬ ਨੂੰ **'ਅਧਿਕਤਮ' (MAX)** ਅਵਸਥਾ ਵੱਲ ਘੁੰਮਾਉਣ ਦੀ ਲੋੜ ਹੋ ਸਕਦੀ ਹੈ। ਇਹ ਘਰ ਅਤੇ ਵਰਤੇ ਜਾਣ ਵਾਲੇ ਰੇਡੀਏਟਰਾਂ 'ਤੇ ਨਿਰਭਰ ਕਰੇਗਾ।

ਕਮਰੇ ਦੀ ਥਰਮੋਸਟੈਟ ਸੈਟਿੰਗ ਨੂੰ 1ºਸੈ. ਤੋਂ ਘਟਾਉਣਾ ਗੈਸ ਦੀ ਖਪਤ ਨੂੰ 10% ਤਕ ਘਟਾ ਸਕਦਾ ਹੈ।

## ਮੌਸਮ ਪੂਰਤੀ

ਜਦੋਂ ਸਿਸਟਮ 'ਚ ਮੌਸਮ ਪੂਰਤੀ ਵਿਕਲਪ ਲਗਾਇਆ ਜਾਂਦਾ ਹੈ ਤਾਂ ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (A) ਕਮਰੇ ਦੇ ਤਾਪਮਾਨ ਨੂੰ ਨਿਯੰਤ੍ਰਤ ਕਰਨ ਦਾ ਜ਼ਰੀਆ ਬਣ ਜਾਂਦੀ ਹੈ। ਕਮਰੇ ਦਾ ਤਾਪਮਾਨ ਵਧਾਉਣ ਲਈ ਨੌਬ ਨੂੰ ਘੜੀ ਦੀ ਦਿਸ਼ਾ 'ਚ ਅਤੇ ਕਮਰੇ ਦਾ ਤਾਪਮਾਨ ਘਟਾਉਣ ਲਈ ਉਸਨੂੰ ਘੜੀ ਦੀ ਦਿਸ਼ਾ ਤੋਂ ਉਲਟ ਘੁੰਮਾਓ। ਲੋੜੀਂਦੀ ਸੈਟਿੰਗ ਹਾਸਲ ਹੋਣ 'ਤੇ, ਨੌਬ ਨੂੰ ਇਸ ਅਵਸਥਾ 'ਚ ਛੱਡ ਦਿਓ ਅਤੇ ਬਾਹਰਲੇ ਸਭ ਮੌਸਮੀ ਹਾਲਾਤ ਲਈ ਸਿਸਟਮ ਆਪਣੇ ਆਪ ਕਮਰੇ ਦਾ ਲੋੜੀਂਦਾ ਤਾਪਮਾਨ ਹਾਸਲ ਕਰ ਲਵੇਗਾ।

## ਬੌਇਲਰ ਫ੍ਰੌਸਟ ਸੁਰੱਖਿਆ

ਜੇਕਰ ਸਸਿਟਮ 'ਚ ਫ੍ਰੌਸਟ ਥਰਮੋਸਟੇਟ ਸ਼ਾਮਲ ਹੈ ਤਾਂ, ਠੰਡ ਦੇ ਮੌਸਮ ਦੇ ਦੌਰਾਨ, ਬੌਇਲਰ ਨੂੰ ਪ੍ਰੋਗਰਾਮਰ (ਜੇਕਰ ਲਗਾਇਆ ਗਆਿ ਹੈ) 'ਤੇ ਹੀ ਬੰਦ ਕਰ ਦੱਿਤਾ ਜਾਣਾ ਚਾਹੀਦਾ ਹੈ। ਬੌਇਲਰ ਥਰਮੋਸਟੇਟ ਨੂੰ ਸਧਾਰਨ ਚਾਲੂ ਅਵਸਥਾ 'ਚ ਰੱਖਦੇ ਹੋਏ, ਮੇਨਸ ਸਪਲਾਈ ਚਾਲੂ ਛੱਡ ਦੱਿਤੀ ਜਾਣੀ ਚਾਹੀਦੀ ਹੈ।

ਜੇਕਰ ਕੋਈ ਸਿਸਟਮ ਫ੍ਰੌਸਟ ਸੁਰੱਖਿਆ ਮੁਹੱਈਆ ਨਹੀਂ ਕੀਤੀ ਗਈ ਹੈ ਅਤੇ ਥੋੜ੍ਹੀ ਦੇਰ ਲਈ ਘਰੋਂ ਬਾਹਰ ਰਹਿਣ 'ਤੇ ਫ੍ਰੌਸਟ ਹੋਣ ਦੀ ਸੰਭਾਵਨਾ ਹੈ ਤਾਂ ਹੀਟਿੰਗ ਕੰਟ੍ਰੋਲਸ (ਜੇਕਰ ਲਗਾਏ ਗਏ ਹਨ) ਨੂੰ ਘੱਟ ਤਾਪਮਾਨ ਸੈਟਿੰਗ 'ਤੇ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਲੰਮੀ ਮਿਆਦਾਂ ਲਈ, ਪੂਰੇ ਸਿਸਟਮ ਨੂੰ ਖਾਲੀ ਕੀਤਾ ਜਾਣਾ ਚਾਹੀਦਾ ਹੈ।

## ਬੌਇਲਰ ਮੁੜ ਸ਼ੁਰੂ ਕਰਨਾ

ਬੌਇਲਰ ਨੂੰ ਮੁੜ ਸ਼ੁਰੂ ਕਰਨ ਲਈ, ਸੂਚੀਬੱਧ ਕੀਤੇ ਨੁਕਸ ਕੋਡ (ਖੰਡ 7 ਵੇਖੋ) 'ਚ ਮੌਜੂਦ ਹਿਦਾਇਤਾਂ ਦੇ ਮੁਤਾਬਕ, "ਮੁੜ ਸ਼ੁਰੂ ਕਰੋ" (RESTART) ਬਟਨ (F) ਦਬਾਓ। ਬੌਇਲਰ ਆਪਣਾ ਇਗਨੀਸ਼ਨ ਕ੍ਰਮ ਦੁਹਰਾਏਗਾ। ਜੇਕਰ ਬੌਇਲਰ ਫੇਰ ਵੀ ਸ਼ੁਰੂ ਹੋਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਨਾਲ ਸਲਾਹ ਕਰੋ।

## ਮੇਨਸ ਪਾਵਰ ਬੰਦ

ਬੌਇਲਰ ਦੀ ਬਜਿਲੀ ਕੱਟਣ ਲਈ ਮੇਨਸ ਪਾਵਰ ਸਵੱਿਚ ਬੰਦ ਕੀਤਾ ਜਾਣਾ ਚਾਹੀਦਾ ਹੈ।

## 3. ਕਨਡੈਨਸੇਟ ਡ੍ਰੇਨ

ਇਸ ਉਪਕਰਨ 'ਚ ਇਕ ਸਿਫੋਨਿਕ ਕਨਡੇਨਸੇਟ ਟ੍ਰੈਪ ਸਿਸਟਮ ਲੱਗਾ ਹੋਇਆ ਹੈ ਜੋ ਉਪਕਰਨ ਦਾ ਕਨਡੇਨਸੇਟ ਜੰਮਣ ਦੇ ਜੋਖਮ ਨੂੰ ਘਟਾਉਂਦਾ ਹੈ। ਹਾਲਾਂਕਿ ਇਸ ਉਪਕਰਨ ਦੀ ਕਨਡੇਨਸੇਟ ਪਾਈਪ ਦੇ ਜੰਮਣ ਦੀ ਹਾਲਤ 'ਚ, ਕਿਰਪਾ ਕਰਕੇ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ:

a. ਜੇਕਰ ਤੁਸੀਂ ਹੇਠ ਦਿੱਤੀਆਂ ਗਈਆਂ ਡੀਫ੍ਰੌਸਟਿੰਗ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ 'ਚ ਅਸਮਰਥ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਮਦਦ ਲਈ ਆਪਣੇ ਸਥਾਨਕ ਗੈਸ ਸੇਫ਼ ਰਜਿਸਟਰਡ ਸਥਾਪਕ ਨੂੰ ਕਾਲ ਕਰੋ।

b. ਜੇਕਰ ਤੁਸੀਂ ਹੇਠ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਨ 'ਚ ਸਮਰੱਥ ਮਹਿਸੂਸ ਕਰਦੇ ਹੋ ਤਾਂ ਕਿਰਪਾ ਕਰਕੇ ਗਰਮ ਭਾਂਡਿਆਂ ਨਾਲ ਕੰਮ ਕਰਦੇ ਹੋਏ ਸਾਵਧਾਨੀ ਨਾਲ ਇੰਝ ਕਰੋ। ਜ਼ਮੀਨ ਦੇ ਪੱਧਰ ਤੋਂ ਉੱਪਰ ਪਾਈਪਾਂ ਨੂੰ ਪਿਘਲਾਉਣ ਦੀ ਕੋਸ਼ਿਸ਼ ਨਾ ਕਰੋ।

ਜੇਕਰ ਇਸ ਉਪਕਰਨ ਦੀ ਕਨਡੇਨਸੇਟ ਪਾਈਪ 'ਚ ਰੁਕਾਵਟ ਪੈਦਾ ਹੋ ਜਾਂਦੀ ਹੈ, ਤਾਂ ਇਸਦਾ ਕਨਡੇਨਸੇਟ ਓਦੋਂ ਤਕ ਜਮ੍ਹਾਂ ਹੋਵੇਗਾ ਜਦੋਂ ਉਹ ਇਕ "*L2*" ਨੁਕਸ ਕੋਡ ਲਾਕ ਕਰਨ ਤੋਂ ਪਹਿਲਾਂ ਗੁੜਗੁੜਾਉਣ ਦੀ ਅਵਾਜ਼ ਕੱਢੇਗਾ। ਜੇਕਰ ਇਹ ਉਪਕਰਨ ਮੁੜ ਸ਼ੁਰੂ ਕੀਤਾ ਜਾਂਦਾ ਹੈ ਤਾਂ ਇਕ ਨਾਕਾਮਯਾਬ ਇਗਨੀਸ਼ਨ "*L2*" ਕੋਡ ਲਾਕ ਕਰਨ ਤੋਂ ਪਹਿਲਾਂ ਗੁੜਗੁੜਾਉਣ ਦੀ ਅਵਾਜ਼ ਕੱਢੇਗਾ।

ਕਿਸੇ ਜੰਮੀ ਹੋਈ ਕਨਡੈਨਸੇਟ ਪਾਈਪ ਵਿਚਲੀ ਰੁਕਾਵਟ ਦੂਰ ਕਰਨ ਲਈ;

1. ਉਪਕਰਨ 'ਤੇ ਪਲਾਸਟਿਕ ਦੀ ਪਾਈਪ ਦੇ ਨਿਕਾਸ ਦੀ ਥਾਂ ਤੋਂ ਉਸਦੀ ਰਾਹ ਦੇ ਪਿੱਛੇ ਚਲੋ, ਉਸਦੀ ਰਾਹ ਤੋਂ ਲੈ ਕੇ ਉਸਦੇ ਅਖ਼ੀਰ ਤਕ।

   ਜੰਮੀ ਹੋਈ ਰੁਕਾਵਟ ਲੱਭੋ। ਇਹ ਮੁਮਕਿਨ ਹੈ ਕਿ ਇਮਾਰਤ ਤੋਂ ਬਾਹਰ ਸਭ ਤੋਂ ਨੰਗੀ ਥਾਂ 'ਤੇ ਜਾਂ ਉੱਥੇ ਜਿੱਥੇ ਵਹਾ 'ਚ ਕੋਈ ਰੁਕਾਵਟ ਹੋਵੇ ਜਾਂ ਪਾਈਪ ਜੰਮੀ ਹੋਈ ਹੋਵੇ। ਇਹ ਪਾਈਪ ਦੇ ਖੁੱਲ੍ਹੇ ਸਿਰੇ, ਕਿਸੇ ਮੋੜ ਜਾਂ ਐੱਲਬੋ 'ਤੇ, ਜਾਂ ਉੱਥੇ ਵੀ ਹੋ ਸਕਦਾ ਹੈ ਜਿੱਥੇ ਪਾਈਪ ਕੁਝ ਡੂੰਘੀ ਹੋਵੇ ਜਿਸ 'ਚ ਕਨਡੇਨਸੇਟ ਜਮ੍ਹਾਂ ਹੋ ਸਕਦਾ ਹੈ। ਕੋਈ ਹੋਰ ਕਾਰਵਾਈ ਕਰਨ ਤੋਂ ਪਹਿਲਾਂ ਰੁਕਾਵਟ ਦੀ ਥਾਂ ਦੀ ਬਾਰੀਕੀ ਨਾਲ ਪਛਾਣ ਕੀਤੀ ਜਾਣੀ ਚਾਹੀਦੀ ਹੈ।

2. ਜੰਮੀ ਹੋਈ ਰੁਕਾਵਟ ਦੀ ਥਾਂ 'ਤੇ ਗਰਮ ਪਾਣੀ ਦੀ ਬੋਤਲ, ਮਾਇਕ੍ਰੋਵੇਵ ਕਰਨ ਯੋਗ ਗਰਮ ਪੈਕ ਜਾਂ ਗਰਮ ਸਿੱਲ੍ਹਾ ਕੱਪੜਾ ਲਗਾਓ। ਇਸ ਤੋਂ ਪਹਿਲਾਂ ਕਿ ਉਹ ਪੂਰੀ ਤਰ੍ਹਾਂ ਪਿਘਲੇ ਕਈ ਵਾਰ ਉਹ ਸਭ ਲਗਾਉਣ ਦੀ ਲੋੜ ਹੋ ਸਕਦੀ ਹੈ। ਪਾਣੀ ਦੇਣ ਦੀ ਕੈਨ ਜਾਂ ਕਿਸੇ ਮਿਲਦੀ-ਜੁਲਦੀ ਚੀਜ਼ ਨਾਲ ਪਾਈਪ 'ਚ ਗਰਮ ਪਾਣੀ ਵੀ ਪਾਇਆ ਜਾ ਸਕਦਾ ਹੈ। ਉਬਲਦੇ ਹੋਏ ਪਾਣੀ ਦੀ ਵਰਤੋਂ ਨਾ ਕਰੋ।

3. ਗਰਮ ਪਾਣੀ ਦੀ ਵਰਤੋਂ ਕਰਦੇ ਹੋਏ ਸਾਵਧਾਨੀ ਵਰਤੋ ਕਿਉਂਕਿ ਉਹ ਜੰਮ ਸਕਦਾ ਹੈ ਅਤੇ ਦੂਜੇ ਸਥਾਨਕ ਜੋਖਮ ਪੈਦਾ ਕਰ ਸਕਦਾ ਹੈ।

4. ਰੁਕਾਵਟ ਹਟਣ ਤੋਂ ਬਾਅਦ ਅਤੇ ਜਦੋਂ ਕਨਡੇਨਸੇਟ ਬੇਰੋਕ ਵੱਗ ਸਕਦਾ ਹੋਵੇ, ਉਪਕਰਨ ਨੂੰ ਮੁੜ ਸ਼ੁਰੂ ਕਰੋ। ("ਬੌਇਲਰ ਚਾਲੂ ਕਰਨਾ" ਵੇਖੋ)

5. ਜੇਕਰ ਉਪਕਰਨ ਬਲਣ 'ਚ ਨਾਕਾਮਯਾਬ ਰਹਿੰਦਾ ਹੈ, ਤਾਂ ਆਪਣੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਨੂੰ ਕਾਲ ਕਰੋ।

### ਨਿਵਾਰਕ ਹੱਲ

ਠੰਡ ਦੇ ਮੌਸਮ ਦੇ ਦੌਰਾਨ, ਸੈਂਟ੍ਰਲ ਹੀਟਿੰਗ ਤਾਪਮਾਨ ਨੌਬ (A) ਨੂੰ ਅਧਿਕਤਮ 'ਤੇ ਸੈਟ ਕਰੋ, ਠੰਡ ਦਾ ਦੌਰ ਖ਼ਤਮ ਹੋਣ 'ਤੇ ਮੂਲ ਸੈਟਿੰਗ 'ਤੇ ਵਾਪਸ ਆਉਣਾ ਪਵੇਗਾ)।

ਹੀਟਿੰਗ ਲਗਾਤਾਰ ਚਾਲੂ ਰੱਖੋ ਅਤੇ ਰਾਤ ਵੇਲੇ ਜਾਂ ਕਮਰਾ ਖਾਲੀ ਹੋਣ 'ਤੇ ਕਮਰੇ ਦੇ ਥਰਮੋਸਟੈਟ ਨੂੰ 15ºਸੈ. 'ਤੇ ਰੱਖੋ। (ਠੰਡ ਖ਼ਤਮ ਹੋਣ ਤੋਂ ਬਾਅਦ ਉਸਨੂੰ ਵਾਪਸ ਸਧਾਰਨ ਤਾਪਮਾਨ 'ਤੇ ਕਰ ਦਿਓ)।

## 4. ਆਮ ਜਾਣਕਾਰੀ

### ਨਿਊਨਤਮ ਅੰਤਰ

ਸਰਵਿਸਿੰਗ ਲਈ ਬੌਇਲਰ ਕਾਸਟਿੰਗ ਦੇ 165 ਮਿ.ਮੀ. ਉੱਪਰ, 100 ਮਿ.ਮੀ. ਥੱਲੇ, ਸਾਇਡਾਂ 'ਤੇ 2.5 ਮਿ.ਮੀ. ਅਤੇ ਸਾਮ੍ਹਣੇ 450 ਮਿ.ਮੀ. ਫਾਸਲਾ ਹੋਣਾ ਜ਼ਰੂਰੀ ਹੈ।

**ਥੱਲਵਾਂ ਫਾਸਲਾ**

ਸਥਾਪਨਾ ਤੋਂ ਬਾਅਦ ਹੇਠਲਾ ਅੰਤਰ ਘੱਟਾ ਕੇ 5 ਮਿ.ਮੀ. ਕੀਤਾ ਜਾ ਸਕਦਾ ਹੈ

ਸਰਵਿਸਿੰਗ ਲਈ ਲੋੜੀਂਦਾ 100 ਮਿ.ਮੀ. ਅੰਤਰ ਮੁਹੱਈਆ ਕਰਨ ਲਈ, ਇਹ ਇਕ ਅਰਾਮ ਨਾਲ ਕੱਢੇ ਜਾਣ ਯੋਗ ਪੈਨਲ ਨਾਲ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।

### ਗੈਸ ਦੀ ਨਿਕਾਸੀ

ਗੈਸ ਦੇ ਰਿਸਾਵ ਜਾਂ ਨੁਕਸ ਦਾ ਸ਼ੱਕ ਹੋਣ 'ਤੇ ਦੇਰ ਕੀਤੇ ਬਿਨਾਂ National Gas Emergency Service (ਨੈਸ਼ਨਲ ਗੈਸ ਐਮਰਜੈਂਸੀ ਸਰਵਿਸ) ਨਾਲ ਸੰਪਰਕ ਕਰੋ। **ਟੈਲੀਫ਼ੋਨ 0800 111 999**।

**ਇਹ ਯਕੀਨੀ ਬਣਾਓ ਕਿ;**
**- ਸਭ ਨੰਗੀਆਂ ਲਾਟਾਂ ਬੁਝਾ ਦਿੱਤੀਆਂ ਜਾਂਦੀਆਂ ਹਨ**
**- ਬਿਜਲੀ ਦੇ ਸਵਿੱਚ ਨਾ ਚਲਾਓ**
**- ਸਭ ਖਿੜਕੀਆਂ ਅਤੇ ਦਰਵਾਜ਼ੇ ਖੋਲ੍ਹੋ**

### ਸਫ਼ਾਈ

ਸਧਾਰਨ ਸਫ਼ਾਈ ਲਈ ਸਿਰਫ ਸੁੱਕੇ ਕਪੜੇ ਨਾਲ ਪੂੰਝੋ। ਜਿੱਦੀ ਨਿਸ਼ਾਨ ਅਤੇ ਦਾਗ ਮਿਟਾਉਣ ਲਈ, ਇਕ ਸਿੱਲ੍ਹੇ ਕਪੜੇ ਨਾਲ ਪੂੰਝੋ ਅਤੇ ਫੇਰ ਸੁੱਕੇ ਕਪੜੇ ਨਾਲ ਪੂੰਝੋ। ***ਘਸਾਉਣ ਵਾਲੀ ਸਫ਼ਾਈ ਸਮੱਗਰੀ ਦੀ ਵਰਤੋਂ ਨਾ ਕਰੋ।***

### ਰੱਖ-ਰਖਾਵ


ਸਾਲ 'ਚ ਘੱਟੋ-ਘੱਟ ਇਕ ਵਾਰ ਕਿਸੇ ਗੈਸ ਸੇਫ਼ ਰਜਿਸਟਰਡ ਇੰਜੀਨੀਅਰ ਜਾਂ IE 'ਚ ਰਜਿਸਟਰਡ ਗੈਸ ਇੰਸਟਾਲਰ (RGII) ਦੁਆਰਾ ਉਪਕਰਨ ਦੀ ਸਰਵਿਸ ਕੀਤੀ ਜਾਣੀ ਚਾਹੀਦੀ ਹੈ।



## 5. ਬੌਇਲਰ ਉਪਭੋਗਤਾ ਲਈ ਜ਼ਰੂਰੀ ਗੱਲਾਂ

**ਨੋਟ।** *ਸਾਡੀ ਮੌਜੂਦਾ ਵਾਰੰਟੀ ਪਾਲਸੀ ਦੇ ਮੁਤਾਬਕ ਅਸੀਂ ਇਹ ਕਹਾਂਗੇ ਕਿ ਸਰਵਿਸ ਇੰਜੀਨੀਅਰ ਦੀ ਵਿਜ਼ਿਟ ਲਈ ਬੇਨਤੀ ਕਰਨ ਤੋਂ ਪਹਿਲਾਂ ਤੁਸੀਂ ਬੌਇਲਰ ਦੇ ਬਾਹਰਲੇ ਪਾਸੇ ਕਿਸੇ ਸਮੱਸਿਆ ਨੂੰ ਪਛਾਣਨ ਲਈ ਹੇਠਾਂ ਦਿੱਤੀ ਗਈ ਗਾਈਡ ਵੇਖੋ। ਜੇਕਰ ਇਹ ਪਾਇਆ ਜਾਂਦਾ ਹੈ ਕਿ ਉਪਕਰਨ ਤੋਂ ਇਲਾਵਾ ਕੋਈ ਹੋਰ ਸਮੱਸਿਆ ਹੈ ਤਾਂ ਸਾਡੇ ਕੋਲ ਵਿਜ਼ਿਟ, ਜਾਂ ਕਿਸੇ ਪੂਰਵ-ਨਿਰਧਾਰਤ ਵਿਜ਼ਿਟ ਜਿੱਥੇ ਇੰਜੀਨੀਅਰ ਨੂੰ ਪਹੁੰਚ ਪ੍ਰਾਪਤ ਨਹੀਂ ਹੁੰਦੀ, ਲਈ ਸ਼ੁਲਕ ਵਸੂਲਣ ਦਾ ਹੱਕ ਰਾਖਵਾਂ ਹੈ।*

### ਸਮੱਸਿਆ ਨਿਵਾਰਣ




**ਕਿਸੇ ਵੀ ਪੁੱਛ-ਗਿਛ ਲਈ ਇੱਥੇ ਫ਼ੋਨ ਕਰੋ**
**IDEAL ਉਪਭੋਗਤਾ ਹੈਲਪਲਾਈਨ : 01482 498660**

**ਨੋਟ। ਬੌਇਲਰ ਮੁੜ ਸ਼ੁਰੂ ਕਰਨ ਦੀ ਬਿਧੀ -**
**ਬੌਇਲਰ ਨੂੰ ਮੁੜ ਸ਼ੁਰੂ ਕਰਨ ਲਈ "ਮੁੜ ਸ਼ੁਰੂ ਕਰੋ" (RESTART) ਬਟਨ ਦਬਾਉ।**

## 6. ਆਮ ਓਪਰੇਸ਼ਨ ਡਿਸਪਲੇ ਕੋਡ

| ਬੋਇਲਰ 'ਤੇ ਡਸਿਪਲੇ ਕੋਡ | ਵੇਰਵਾ |
|---|---|
| 00 | ਸੈਂਟ੍ਰਲ ਹੀਟਿੰਗ ਲਈ ਕਾਲ ਜਾਂ ਗਰਮ ਪਾਣੀ ਦੀ ਮੰਗ ਦੀ ਉਡੀਕ ਕਰਦੇ ਹੋਏ ਬੋਇਲਰ ਸਟੈਂਡਬਾਇ ਓਪਰੇਸ਼ਨ 'ਚ ਹੁੰਦਾ ਹੈ। |
| 54 °C ON | ਬੋਇਲਰ ਕੋਲ ਸੈਂਟ੍ਰਲ ਹੀਟਿੰਗ ਲਈ ਕਾਲ ਹੈ ਪਰ ਉਪਕਰਨ ਬੋਇਲਰ 'ਤੇ ਸੈਟ ਕੀਤੇ ਗਏ ਲੋੜੀਂਦੇ ਤਾਪਮਾਨ 'ਤੇ ਪਹੁੰਚ ਗਿਆ ਹੈ। |
| 54 °C ON | ਬੋਇਲਰ ਸੈਂਰਲ ਹੀਟਿੰਗ / ਟ੍ਗਰਮ ਪਾਣੀ ਮੋਡ 'ਚ ਕੰਮ ਕਰ ਰਿਹਾ ਹੈ। |
| FP | ਬੋਇਲਰ ਫ੍ਰੌਸਟ ਸੁਰੱਖਿਆ 'ਚ ਚੱਲ ਰਿਹਾ ਹੈ। |
| - - | ਬੋਇਲਰ ਮੋਡ ਨੋਬ (B) ਬੰਦ ਸਥਿਤੀ ਵਿੱਚ ਹੈ, ਗਰਮ ਪਾਣੀ ਅਤੇ ਕੇਂਦਰੀ ਹੀਟਿੰਗ ਸੰਚਾਲਨ ਲਈ ਘੜੀ ਦੀ ਦਿਸ਼ਾ ਵਿੱਚ ਪੂਰਾ ਘੁੰਮਾਓ। |



## 7. ਨੁਕਸ ਕੋਡ

| ਬੋਇਲਰ 'ਤੇ ਡਸਿਪਲੇ ਕੋਡ | ਵੇਰਵਾ | ਕਾਰਵਾਈ |
|---|---|---|
| F2 | ਲਾਟ ਬੁਝਣਾ | 1. ਇਹ ਪੁਸ਼ਟੀ ਕਰਨ ਲਈ ਕਿ ਸੰਪਤੀ 'ਚ ਸਪਲਾਈ ਮੌਜੂਦ ਹੈ ਜਾਂਚੋ ਕਿ ਘਰ 'ਚ ਦੂਜੇ ਗੈਸ ਉਪਕਰਨ ਕੰਮ ਕਰ ਰਹੇ ਹਨ।<br>2. ਜੇਕਰ ਦੂਜੇ ਉਪਕਰਨ ਕੰਮ ਨਹੀਂ ਕਰਦੇ ਜਾਂ ਕੋਈ ਹੋਰ ਉਪਕਰਨ ਨਹੀਂ ਹਨ, ਤਾਂ ਇਹ ਜਾਂਚੋ ਕਿ ਮੀਟਰ 'ਤੇ ਗੈਸ ਸਪਲਾਈ ਚਾਲੂ ਹੈ ਅਤੇ/ਜਾਂ ਪੂਰਵ ਭੁਗਤਾਨ ਮੀਟਰ 'ਚ ਕ੍ਰੇਡਟਿ ਹੈ। ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F3 | ਪੱਖੇ 'ਚ ਖਰਾਬੀ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F4 L4 | ਫ਼ਲੋ ਥਰਮਸਿਟਰ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F5 L5 | ਰਟਿਰਨ ਥਰਮਸਿਟਰ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F6 | ਬਾਹਰਲਾ ਸੈਂਸਰ ਅਸਫਲਤਾ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F7 | ਘੱਟ ਮੇਨਸ ਵੋਲਟੇਜ | ਕਸਿੇ ਯੋਗ ਜਾਂ ਆਪਣੇ ਬਜਿਲੀ ਪ੍ਰਦਾਤਾ ਨਾਲ ਸੰਪਰਕ ਕਰੋ। |
| F9 L9 | ਕੌਨਫਗਿਰ ਨਾ ਕੀਤਾ ਗਆਿ PCB | ਕੌਨਫਗਿਰ ਨਾ ਕੀਤਾ ਹੋਇਆ ਪ੍ਰਟਿੰਡਿ ਸਰਕਟਿ ਬੋਰਡ (PCB)। ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| F8 L8 | | |
| FA | ਵਹਾ /ਵਾਪਸੀ ਦੀ ਦਸ਼ਿਾ ਉਲਟਾਈ ਗਈ | ਕਰਿਪਾ ਕਰਕੇ ਕਸਿੇ ਗੈਸ ਸੇਫ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE ਵਚਿੱ ਕਸਿੇ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| Fd | ਪਾਣੀ ਦਾ ਕੋਈ ਵਹਾ ਨਹੀਂ | ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L1 | ਵਹਾ ਤਾਪਮਾਨ ਓਵਰਹੀਟ ਜਾਂ ਪਾਣੀ ਦਾ ਕੋਈ ਵਹਾ ਨਹੀਂ | ਇਹ ਜਾਂਚੋ ਕਿ ਸਸਿਟਮ ਪ੍ਰੈਸ਼ਰ ਗੇਜ 'ਤੇ ਸਸਿਟਮ 'ਚ ਪਾਣੀ ਦਾ ਦਬਾ 1 ਅਤੇ 1.5 ਬਾਰ ਦੇ ਦਰਮਆਿਨ ਹੈ। ਸਸਿਟਮ 'ਚ ਮੁੜ-ਦਬਾ ਪੈਦਾ ਕਰਨ ਲਈ ਖੰਡ 4 ਵੇਖੋ। ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal ਨਾਲ (ਜੇਕਰ ਵਾਰੰਟੀ ਹੇਠ ਹੈ) ਜਾਂ ਵਕਿਲਪਕ ਤੌਰ 'ਤੇ ਜੇਕਰ ਵਾਰੰਟੀ ਦੀ ਮਆਿਦ ਖ਼ਤਮ ਹੋ ਚੁੱਕੀ ਹੈ ਤਾਂ ਕਸਿੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L2 | ਇਗਨੀਸ਼ਨ ਲੌਕਆਉਟ | 1. ਕਨਡੈਨਸੇਟ ਪਾਈਪ ਦੀ ਰੁਕਾਵਟਾਂ ਲਈ ਜਾਂਚ ਕਰੋ (ਖੰਡ 3 ਦੇਖੋ)<br>2. ਇਹ ਪੁਸ਼ਟੀ ਕਰਨ ਲਈ ਕਿ ਸੰਪਤੀ 'ਚ ਸਪਲਾਈ ਮੌਜੂਦ ਹੈ ਜਾਂਚੋ ਕਿ ਘਰ 'ਚ ਦੂਜੇ ਗੈਸ ਉਪਕਰਨ ਕੰਮ ਕਰ ਰਹੇ ਹਨ।<br>3. ਜੇਕਰ ਦੂਜੇ ਉਪਕਰਨ ਕੰਮ ਨਹੀਂ ਕਰਦੇ ਜਾਂ ਕੋਈ ਹੋਰ ਉਪਕਰਨ ਨਹੀਂ ਹਨ, ਤਾਂ ਇਹ ਜਾਂਚੋ ਕਿ ਮੀਟਰ 'ਤੇ ਗੈਸ ਸਪਲਾਈ ਚਾਲੂ ਹੈ ਅਤੇ/ਜਾਂ ਪੂਰਵ ਭੁਗਤਾਨ ਮੀਟਰ 'ਚ ਕ੍ਰੇਡਟਿ ਹੈ। ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| L6 | ਗਲਤ ਲਾਟ ਬੰਦ | ਉਪਕਰਨ ਨੂੰ ਮੁੜ ਸ਼ੁਰੂ ਕਰੋ - ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| LC | 15 ਮਟਿਾਂ 'ਚ 5 ਬੌਇਲਰ ਰੀਸੈਟ | 1. ਬੌਇਲਰ ਨੂੰ ਬਜਿਲੀ ਦੀ ਸਪਲਾਈ ਬੰਦ ਅਤੇ ਚਾਲੂ ਕਰੋ।<br>2. ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |
| FU | ਪ੍ਰਵਾਹ/ਵਾਪਸੀ ਅੰਤਰ > 50°C | ਜੇਕਰ ਬੌਇਲਰ ਚੱਲਣ 'ਚ ਨਾਕਾਮਯਾਬ ਰਹਿੰਦਾ ਹੈ ਤਾਂ ਕਰਿਪਾ ਕਰਕੇ Ideal (ਜੇਕਰ ਵਾਰੰਟੀ ਹੇਠ ਹੈ) ਨਾਲ ਜਾਂ ਜੇਕਰ ਵਾਰੰਟੀ ਦੀ ਮਆਿਦ ਪੂਰੀ ਹੋ ਚੁੱਕੀ ਹੈ ਤਾਂ ਵਕਿਲਪਕ ਤੌਰ 'ਤੇ ਗੈਸ ਸੇਫ਼ ਰਜਸਿਟਰਡ ਇੰਜੀਨੀਅਰ ਨਾਲ ਸੰਪਰਕ ਕਰੋ। IE 'ਚ ਰਜਸਿਟਰਡ ਗੈਸ ਇੰਸਟਾਲਰ (RGII) ਨਾਲ ਸੰਪਰਕ ਕਰੋ। |

*Ideal ਉਪਭੋਗਤਾ ਹੈਲਪਲਾਈਨ*
*ਟੈਲੀ.: 01482 498660*
*www.idealboilers.com*

Ideal Boilers ਆਪਣੇ ਉਤਪਾਦਾਂ ਦੇ ਡਜ਼ਾਇਨ ਅਤੇ ਪ੍ਰਦਰਸ਼ਨ 'ਚ ਲਗਾਤਾਰ ਸੁਧਾਰ ਦੀ ਨੀਤੀ ਦੀ ਪਾਲਣਾ ਕਰਦੀ ਹੈ ਦੀ ਪਾਲਣਾ ਕਰਦਾ ਹੈ। ਇਸਲਈ ਸੂਚਨਾ ਤੋਂ ਬਨਿਾਂ ਨਰਿਧਾਰਨ ਬਦਲਣ ਦਾ ਹੱਕ ਰਾਖਵਾਂ ਹੈ।

**Ideal**, P.O. Box 103, National Ave, Kingston Upon Hull, HU5 4JN.
ਟੈਲੀਫੋਨ 01482 492251 ਫੈਕਸ 01482 448858. ਪੰਜੀਕਰਣ ਸੰਖਿਆ ਲੰਦਨ 322 137.